# ਬੁਗਤੀ ਦਾ ਕਤਲ ਬਲੋਚੀ ਕੌਮ ਦੇ ਘੋਲ ਨੂੰ ਕੁਚਲ ਨਹੀਂ ਸਕਦਾ

ਬਲੋਚਸਤਾਨ ਦੇ ਲੋਕਾਂ ਦੇ ਮਸ਼ਹੂਰ ਲੀਡਰ ਨਵਾਬ ਅਕਬਰ ਖ਼ਾਨ ਬੁਗਤੀ ਅਤੇ ਉਸਦੇ ਸਾਥੀਆਂ ਨੂੰ ਪਾਕਿਸਤਾਨ ਦੀ ਫੌਜ ਨੇ ਇਕ ਹਮਲੇ ਵਿਚ ਮਾਰ ਦਿੱਤਾ ਹੈ। ਇਸ ਖ਼ਬਰ ਦੇ ਨਸ਼ਰ ਹੁੰਦਿਆਂ ਹੀ ਪਾਕਿਸਤਾਨ ਦੇ ਕਈ ਇਲਾਕਿਆਂ ਵਿਚ ਪਾਕਿਸਤਾਨ ਦੀ ਹਕੂਮਤ ਅਤੇ ਫੌਜ ਦੇ ਖ਼ਿਲਾਫ਼ ਜਬਰਦਸਤ ਮੁਜ਼ਾਹਰੇ ਅਤੇ ਰੈਲੀਆਂ ਕਰਕੇ ਲੋਕਾਂ ਨੇ ਆਪਣਾ ਗੁਸਾ ਤੇ ਰੋਸ ਜ਼ਾਹਰ ਕੀਤਾ ਹੈ। ਅਕਬਰ ਬੁਗਤੀ ਦੀ ਉਮਰ ਕੋਈ 80 ਸਾਲ ਦੇ ਕਰੀਬ ਸੀ ਅਤੇ ਉਹ ਬੁਗਤੀ ਕਬੀਲੇ ਦੇ ਸਰਦਾਰ ਸਨ। ਉਹ ਆਪਣੀ ਜੁਆਨੀ ਦੇ ਸਮੇਂ ਤੋਂ ਹੀ ਬਲੋਚਸਤਾਨ ਦੀ ਆਜ਼ਾਦੀ ਅਤੇ ਕੌਮੀ ਹੱਕਾਂ ਲਈ ਜਦੋਜਹਿਦ ਵਿਚ ਮਸਰੂਫ ਰਹੇ। ਉਨ੍ਹਾਂ ਨੇ ਉਮਰ ਭਰ ਆਪਣੀ ਕੌਮ ਦੀ ਇੱਜ਼ਤ, ਹੱਕਾਂ ਅਤੇ ਵੁਕਾਰ ਲਈ ਕੰਮ ਕੀਤਾ ਅਤੇ ਬਲੋਚ ਕੌਮ ਦੀ ਗੈਰਤ ਲਈ ਪਾਕਿਸਤਾਨ ਦੀ ਫੌਜ ਨਾਲ ਲੜਦੇ ਹੋਏ ਜਾਨ ਵੀ ਦੇ ਗਏ।

ਪਾਕਿਸਤਾਨ ਦੀ ਸਰਕਾਰ ਨੇ ਬਲੋਚਸਤਾਨ ਦੇ ਲੋਕਾਂ ਦੀ ਹੱਕ ਦੀ ਲੜਾਈ ਨੂੰ ਪਾਕਿਸਤਾਨ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਦਸਦੇ ਹੋਏ ਬਲੋਚਸਤਾਨ ਵਿਚ ਪਹਿਲਾਂ ਵੀ ਕਈ ਵਾਰ ਫੌਜਾਂ ਚਾੜ੍ਹੀਆਂ ਹਨ ਪਰ ਬਲੋਚ ਕੌਮ ਨੇ ਬੜੀ ਹਿੰਮਤ ਨਾਲ ਆਪਣੇ ਹੱਕਾਂ ਦੀ ਜਦੋਜਹਿਦ ਜਾਰੀ ਰੱਖੀ ਹੈ। ਪਾਕਿਸਤਾਨ ਦੀ ਫੌਜ ਹਵਾਈ ਜਹਾਜ਼ਾਂ ਤੇ ਹੈਲੀਕਪਟਰਾਂ ਰਾਹੀਂ ਨਿਹੱਥੇ ਬਲੋਚ ਲੋਕਾਂ ਤੇ ਬੰਬਾਰੀ ਵੀ ਕਰਦੀ ਆਈ ਹੈ ਪਰ ਬਲੋਚਸਤਾਨ ਦੇ ਲੋਕਾਂ ਦੇ ਹੌਂਸਲੇ ਇਸ ਜਬਰ ਅਤੇ ਜ਼ੁਲਮ ਨਾਲ ਘਟੇ ਨਹੀਂ। ਬੁਗਤੀ ਦੇ ਮਾਰੇ ਜਾਣ ਮਗਰੋਂ ਵੀ ਬਲੋਚਸਤਾਨ ਦੇ ਹੋਰ ਕਈ ਲੀਡਰਾਂ ਨੇ ਐਲਾਨ ਕੀਤਾ ਹੈ ਕਿ ਬਲੋਚਸਤਾਨ ਦੇ ਲੋਕਾਂ ਦਾ ਸੰਘਰਸ਼ ਜਾਰੀ ਰਹੇਗਾ।

ਸਾਰੇ ਦੱਖਣੀ ਏਸ਼ੀਆ ਵਿਚ ਕੌਮਾਂ ਤੇ ਕੌਮਾਂ ਦੇ ਹੱਕਾਂ ਦਾ ਮਸਲਾ ਇਕ ਬਹੁਤ ਹੀ ਭਖਦਾ ਮਸਲਾ ਹੈ ਕਿਉਂਕਿ ਹਿੰਦੁਸਤਾਨ, ਪਾਕਿਸਤਾਨ, ਬੰਗਲਾਦੇਸ਼ ਅਤੇ ਇਸ ਖਿਤੇ ਦੇ ਹੋਰਨਾਂ ਮੁਲਕਾਂ ਦਾ ਰਾਜਤੰਤ੍ਰ ਬਸਤੀਵਾਦੀ ਰਾਜਤੰਤ੍ਰ ਹੈ ਜਿਸ ਵਿਚ ਕਿਸੇ ਵੀ ਕੌਮ ਨੂੰ ਕੋਈ ਹੱਕ ਨਹੀਂ। ਜਦੋਂ ਕੋਈ ਵੀ ਕੌਮ ਆਪਣੇ ਹੱਕਾਂ ਬਾਰੇ ਗੱਲ ਕਰਦੀ ਹੈ ਤਾਂ ਉਸ ਕੌਮ ਨੂੰ ਗੋਲੀ ਅਤੇ ਬਾਰੂਦ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੌਮਾਂ ਦੀ ਹੱਕਾਂ ਦੀ ਜਦੋਜਹਿਦ ਨੂੰ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਦੱਸ ਕੇ ਉਨ੍ਹਾਂ ਉਤੇ ਜਬਰ ਤਸ਼ੱਦਦ ਕੀਤਾ ਜਾਂਦਾ ਹੈ। ਬਲੋਚਸਤਾਨ ਦੇ ਲੋਕਾਂ ਦੀ ਆਪਣੇ ਹੱਕਾਂ ਲਈ ਜਦੋਜਹਿਦ ਦੱਖਣੀ ਏਸ਼ੀਆ ਦੇ ਤਮਾਮ ਲੋਕਾਂ ਦੀ ਹੱਕਾਂ ਲਈ ਜਦੋਜਹਿਦ ਦਾ ਅਨਿਖੜਵਾਂ ਹਿੱਸਾ ਹੈ ਅਤੇ ਸਾਰੇ ਹੀ ਦੱਖਣੀ ਏਸ਼ੀਆ ਦੇ ਲੋਕ ਬਲੋਚਸਤਾਨ ਦੇ ਲੋਕਾਂ ਦੀ ਹੱਕਾਂ ਦੀ ਜੰਗ ਦੀ ਹਿਮਾਇਤ ਕਰਦੇ ਹਨ।